ਬੁੱਧਵਾਰ
10, ਫ਼ਰਵਰੀ 2010
29 ਮਾਘ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 300,
ਸਾਲ 25
Postal Regd. No.
PB/0007/09-2011

www.ajdiawaaz.com
ਪੰਜਾਬ ਦੀ ਉਮੀਦ
info@ajdiawaaz.com

ਸ਼ਹਿਰ ਤੇ ਆਸ-ਪਾਸ
ਬੀਬੀ ਭਾਨੀ ਜੀ ਦਾ ਜਨਮ ਦਿਹਾੜਾ 3

ਸੰਪਾਦਕੀ
84 ਦੇ ਸਿੱਖ ਵਿਰੋਧੀ ਕਤਲੇਆਮ ਦੇ ਕੇਸ ਜਲਦੀ ਮੁੱਕਣ 4


ਦੇਸ਼ ਦੁਨੀਆਂ
ਮੀਡੀਆ ਖੁਸ਼ੀ ਸਮਾਗਮ 8

5ਵੀਂ ਦੋ ਦਿਨਾਂ ਆਲ ਇੰਡੀਆ ਵਿਪ੍ਹ ਕਾਨਫਰੰਸ ਅੱਜ ਤੋਂ

☛ਰਾਜਪਾਲ ਪਾਟਿਲ ਕਰਨਗੇ ਉਦਘਾਟਨ
☛ਕੇਂਦਰੀ ਮੰਤਰੀ ਬਾਂਸਲ ਕਰਨਗੇ ਪ੍ਰਧਾਨਗੀ

ਚੰਡੀਗੜ੍ਹ, 9 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-15ਵੀਂ ਦੋ ਦਿਨਾਂ ਆਲ ਇੰਡੀਆ ਵਿਪ੍ਹ ਕਾਨਫਰੰਸ ਭਲਕੇ ਚੰਡੀਗੜ੍ਹ ਵਿਖੇ ਸ਼ੁਰੂ ਹੋ ਰਹੀ ਹੈ। ਹੋਟਲ ਮਾਊਂਟ ਵਿਊ ਵਿਖੇ ਹੋਣ ਵਾਲੀ ਇਸ ਕੌਮੀ ਕਾਨਫਰੰਸ ਦਾ ਉਦਘਾਟਨ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼ਿਵਰਾਜ ਪਾਟਿਲ ਕਰਨਗੇ, ਜਦੋਂ ਕਿ ਪ੍ਰਧਾਨਗੀ ਕੇਂਦਰੀ ਜਲ ਮੰਤਰੀ ਪਵਨ ਬਾਂਸਲ ਕਰਨਗੇ। ਇਸ ਸਮਾਗਮ ਦੇ ਉਦਘਾਟਨ ਮੌਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਪੀਕਰ ਨਿਰਮਲ ਸਿੰਘ ਕਾਹਲੋਂ ਸੰਬੋਧਨ ਕਰਨਗੇ। ਕੇਂਦਰੀ ਮੰਤਰੀ ਸ਼ਿਵ ਰਾਜ ਚੌਹਾਨ ਤੇ ਵੀ. ਨਰਾਇਣ ਵੀ ਪਹਿਲੇ ਦਿਨ ਸਮਾਗਮ ਵਿੱਚ ਸ਼ਿਰਕਤ ਕਰਨਗੇ। ਇਸ ਕਾਨਫਰੰਸ ਵਿੱਚ 125 ਮੰਤਰੀ ਸੰਸਦੀ ਅਫੇਅਰਜ਼ ਸਟੇਟਸ ਤੇ ਰਾਜਸੀ ਪਾਰਟੀਆਂ ਦੇ ਚੀਫ ਵਿਪ੍ਹ ਹਿੱਸਾ ਲੈਣਗੇ। ਅੰਤਿਮ ਦਿਨ ਰਾਜ ਸਭਾ ਦੇ ਉਪ ਚੇਅਰਮੈਨ ਕੇ. ਰਹਿਸਾਮ ਸੰਬੋਧਨ ਕਰਨਗੇ। 10 ਤੇ 11 ਫਰਵਰੀ ਨੂੰ ਹੋਣ ਵਾਲੀ ਇਸ ਕਾਨਫਰੰਸ ਵਿੱਚ 7 ਮੁੱਖ ਏਜੰਡੇ ਵਿਚਾਰ ਲਈ ਰੱਖੇ ਗਏ ਹਨ। ਦੇਸ਼ ਵਿੱਚ ਰਾਜਸੀ ਅਤੇ ਪ੍ਰਸ਼ਾਸਨਿਕ ਸੁਧਾਰਾਂ ਬਾਰੇ ਵਿਸ਼ੇਸ਼ ਤੌਰ 'ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਬਿਹਾਰ 'ਚ ਤੀਸਰੇ ਦਿਨ ਵੀ ਜਾਰੀ ਰਹੇ ਨਕਸਲੀ ਹਮਲੇ

ਨਕਸਲੀ ਹਿੰਸਾ ਛੱਡਣ ਤਾਂ ਹੀ ਵਾਰਤਾ ਸੰਭਵ- ਚਿਦੰਬਰਮ

ਕਲਕੱਤਾ, 9 ਫਰਵਰੀ (ਵਿਸ਼ਵ ਵਾਰਤਾ)-ਨਕਸਲ ਪ੍ਰਭਾਵਿਤ 4 ਰਾਜਾਂ ਦੀ ਬੈਠਕ ਤੋਂ ਬਾਅਦ ਕੇਂਦਰ ਨੇ ਅੱਜ ਕਿਹਾ ਕਿ ਉਹ ਮਾਓਵਾਦੀਆਂ ਦੇ ਨਾਲ ਵਾਰਤਾ ਨੂੰ ਤਿਆਰ ਹੈ, ਪਰ ਉਹ ਹਿੰਸਾ ਤਿਆਗਣ। ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ- ਨਕਸਲ ਪ੍ਰਭਾਵਿਤ ਰਾਜਾਂ ਦੇ ਆਧਾਰ 'ਤੇ ਦੋ ਦਿਨ ਪਹਿਲਾਂ ਸੰਮੇਲਨ ਵਿੱਚ ਹਿੰਸਾ ਲੈਣ ਵਾਲੇ ਸਾਰੇ ਮੁੱਖ ਮੰਤਰੀਆਂ ਵੱਲੋਂ ਮੇਰੀ ਸਾਰੇ ਨਕਸਲੀਆਂ ਨੂੰ ਅਪੀਲ ਹੈ ਕਿ ਜੇਕਰ ਤੁਸੀਂ ਹਿੰਸਾ ਛੱਡ ਦਿੰਦੇ ਹਨ- ਤਾਂ ਕਿਸੇ ਵੀ ਮੁੱਦੇ 'ਤੇ ਤੁਹਾਡੇ ਨਾਲ ਗੱਲ ਕਰਨ ਨੂੰ ਤਿਆਰ ਹਨ। ਨਕਸਲੀ ਮੁੱਦੇ 'ਤੇ ਗ੍ਰਹਿ ਮੰਤਰੀ ਨੇ ਕਿਹਾ- ਸ਼ਰਤ ਇਹੀ ਹੈ ਕਿ ਮਾਓਵਾਦੀਆਂ ਨੂੰ ਹਿੰਸਾ ਰੋਕਣੀ ਹੋਵੇਗੀ। ਗ੍ਰਹਿ ਮੰਤਰੀ ਨੇ ਕਿਹਾ- ਬਦ-ਕਿਸਮਤੀ ਨਾਲ ਪਿਛਲੀਆਂ ਅਪੀਲਾਂ ਨੂੰ ਠੁਕਰਾ ਦਿੱਤਾ ਗਿਆ। ਇਸ ਲਈ ਜਦੋਂ ਤੱਕ ਨਕਸਲੀ ਹਿੰਸਾ ਨਹੀਂ ਛੱਡਦੇ ਅਸੀਂ ਕਾਰਵਾਈ ਜਾਰੀ ਰੱਖਾਂਗੇ। ਇਹ ਮੁਹਿੰਮ ਜਾਰੀ ਰਹੇਗੀ ਅਤੇ ਮੈਨੂੰ ਵਿਸ਼ਵਾਸ ਹੈ ਕਿ ਅਗਲੇ 6 ਮਹੀਨਿਆਂ ਵਿੱਚ ਪ੍ਰਗਤੀ ਹੋਵੇਗੀ। ਜ਼ਿਕਰਯੋਗ ਹੈ ਕਿ ਉਹ ਨਕਸਲ ਪ੍ਰਭਾਵਿਤ ਰਾਜਾਂ ਦੇ ਮੁੱਖ ਮੰਤਰੀਆਂ ਦੀ ਬੈਠਕ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਬੈਠਕ ਵਿੱਚ ਬਿਹਾਰ ਅਤੇ ਝਾਰਖੰਡ ਦੇ ਮੁੱਖ ਮੰਤਰੀ - ਨਿਤਿਸ਼ ਕੁਮਾਰ ਅਤੇ ਸ਼ਿਬੂ ਸੋਰੇਨ ਨੇ ਹਿੱਸਾ ਨਹੀਂ ਲਿਆ ਸੀ। ਨਿਤਿਸ਼ ਕੁਮਾਰ ਨੇ ਪਟਨਾ ਵਿੱਚ ਪੱਤਰਕਾਰਾਂ ਨੂੰ ਕਿਹਾ ਕਿ ਉਹ ਲੰਬੇ ਸਮੇਂ ਤੱਕ ਪਟਨਾ ਤੋਂ ਬਾਹਰ ਨਹੀਂ ਜਾ ਸਕਦੇ ਸਨ ਕਿਉਂਕਿ ਅੱਜ ਰਾਜ ਕੈਬਨਿਟ ਦੀ ਬੈਠਕ ਹੈ ਤੇ ਸੋਰੇਨ ਨੇ ਆਪਣੀ ਬਿਮਾਰੀ ਦਾ ਹਵਾਲਾ ਦਿੱਤਾ ਅਤੇ ਬੈਠਕ ਵਿੱਚ ਸ਼ਾਮਲ ਹੋਣ ਵਿੱਚ ਅਸਮਰਥਤਾ ਪ੍ਰਗਟਾਈ। ਮਾਓਵਾਦੀਆਂ ਨੇ ਇੱਕ ਵਾਰ ਫਿਰ ਰੇਲ ਸੰਪਤੀ ਨੂੰ ਨਿਸ਼ਾਨਾ ਬਣਾਉਂਦੇ ਹੋਏ ਅੱਜ ਸਵੇਰੇ ਬਿਹਾਰ ਦੇ ਜਮੁਈ ਜ਼ਿਲ੍ਹੇ ਵਿੱਚ ਨਾਰਗੰਜ ਰੇਲਵੇ ਸਟੇਸ਼ਨ ਦੇ ☛(ਬਾਕੀ ਸਫਾ 2 'ਤੇ)

ਲੱਗਦੈ ਬਾਦਲ ਸਾਹਿਬ ਹੋ ਗਏ ਨੇ ਚੰਡੀਗੜ੍ਹ 'ਤੇ ਕਬਜ਼ੇ ਲਈ ਸੰਜੀਦਾ

ਜਿਸ ਤਰ੍ਹਾਂ ਇਸ ਵਾਰ ਫਿਰ ਚੰਡੀਗੜ੍ਹ ਦਾ ਮੁੱਦਾ ਦਿੱਲੀ ਵਿੱਚ ਹੋਈ ਕਾਨਫਰੰਸ ਦੌਰਾਨ ਉਠਾਇਆ ਹੈ ਪੰਜਾਬ ਹਿਤੈਸ਼ੀਆਂ 'ਚ ਖੁਸ਼ੀ ਦੀ ਲਹਿਰ

ਚੰਡੀਗੜ੍ਹ,9 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਜਿਸ ਤਰ੍ਹਾਂ ਇਸ ਵਾਰ ਫਿਰ ਚੰਡੀਗੜ੍ਹ ਦਾ ਮੁੱਦਾ ਦਿੱਲੀ ਵਿੱਚ ਹੋਈ ਕਾਨਫਰੰਸ ਦੌਰਾਨ ਉਠਾਇਆ ਹੈ। ਉਨ੍ਹਾਂ ਤੋਂ ਲੱਗਦਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਚੰਡੀਗੜ੍ਹ ਦਾ ਮੁੱਦਾ ਸਿਆਸੀ ਹਲਕਿਆਂ ਵਿੱਚ ਛਾਇਆ। ਮੇਰਾ ਕਈ ਸਾਲਾਂ ਤੋਂ ਲਟਕਦੇ ਆ ਰਹੇ ਇਸ ਮੁੱਦੇ ਨੂੰ ਇੱਕ ਫਿਰ ਸਿਆਸੀ ਰੰਗਤ ਦੇ ਕੇ ਸਿਆਸੀ ਆਗੂ ਆਪਣਾ ਠੱਪੂ ਸਿੱਧਾ ਕਰਨਾ ਚਾਹੁੰਦੇ ਹਨ। ਪਿਛਲੇ ਕੁੱਝ ਮਹੀਨਿਆਂ ਤੋਂ ਚੰਡੀਗੜ੍ਹ ਵਿੱਚ ਹੀ ਵਾਪਰੀ ਹਾਈਕੋਰਟ ਬਣਾਉਣ ਦੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਬਿਆਨ ਤੇ ਇੱਕ ਵਾਰ ਫਿਰ ਇਸ ਮੁੱਦੇ ਨੂੰ ਨਵੇਂ ਸਿਰਿਓਂ ਜਨਮ ਦੇ ਦਿੱਤਾ ਸੀ। ਹੁਣ ਕਈ ਦਿਨ ਬੀਤਣ ਦੇ ਚੰਡੀਗੜ੍ਹ ਨੂੰ ਲੈ ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਵੱਲੋਂ ਕੀਤੀ ਰਾਜਨੀਤੀ ਨਾਲ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਇਆ ਜਾ ਰਿਹਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਇਸ ਮੁੱਦੇ ਤੇ ਮਹਿੰਗਾਈ ਦੇ ਮੁੱਦੇ ਅੱਜ ਲੋਕਾਂ ਲਈ ਸਭ ਤੋਂ ਅਹਿਮ ਮੁੱਦੇ ਹਨ। ਸੂਬਾ ਸਰਕਾਰਾਂ ਮਹਿੰਗਾਈ ਘਟਾਉਣ ਦੇ ਮਾਮਲੇ ਤੇ ਕੇਂਦਰ ਅੱਗੇ ਹੱਥ ਖੜ੍ਹੇ ਕਰਕੇ ਸਾਰਾ ਦੋਸ਼ ਜੇਕਰ ਸਰਕਾਰ ਤੇ ਮੜ ਰਹੇ ਹਨ ਤੇ ਲੋਕਾਂ ਦਾ ਧਿਆਨ ਹਟਾਉਣ ਲਈ ਪੁਰਾਣੇ ਮੁੱਦਿਆਂ ਨੂੰ ਉਭਾਰਿਆ ਜਾ ਰਿਹਾ ਹੈ।

ਨਿਤਿਨ ਗਡਕਰੀ ਦੀ ਭਾਜਪਾ ਪ੍ਰਧਾਨਗੀ 'ਤੇ ਲੱਗੀ ਮੋਹਰ

ਨਵੀਂ ਦਿੱਲੀ, 9 ਫਰਵਰੀ (ਵਿਸ਼ਵ ਵਾਰਤਾ)-ਨਿਤਿਨ ਗਡਕਰੀ ਅੱਜ ਰਸਮੀ ਰੂਪ ਨਾਲ ਭਾਜਪਾ ਪ੍ਰਧਾਨ ਚੁਣ ਲਏ ਗਏ ਹਨ। ਪ੍ਰਧਾਨ ਅਹੁਦੇ ਲਈ ਸਿਰਫ਼ ਉਹਨਾਂ ਵੱਲੋਂ ਹੀ ਨਾਮਜ਼ਦ ਕੀਤਾ ਗਿਆ ਸੀ ਜਿਸ ਤੋਂ ਬਾਅਦ ਚੋਣ ਅਧਿਕਾਰੀ ਥਾਪਰ ਚੰਦ ਗਹਿਲੋਤ ਨੇ ਗਡਕਰੀ ਦੇ ਪ੍ਰਧਾਨ ਚੁਣੇ ਜਾਣ ਦਾ ਐਲਾਨ ਕੀਤਾ। ਜ਼ਿਕਰਯੋਗ ਹੈ ਕਿ ਗਡਕਰੀ ਨੂੰ ਪਹਿਲਾਂ ਹੀ ਸਾਬਕਾ ਪ੍ਰਧਾਨ ਰਾਜਨਾਥ ਸਿੰਘ ਦਾ ਕਾਰਜਕਾਲ ਖ਼ਤਮ ਹੋਣ ਤੋਂ ਬਾਅਦ ਪ੍ਰਧਾਨ ਅਹੁਦੇ 'ਤੇ ਨਿਯੁਕਤ ਕੀਤਾ ਜਾ ਚੁੱਕਾ ਹੈ। ਰਸਮੀ ਰੂਪ ਨਾਲ ਚੁਣੇ ਹੋਣ ਤੋਂ ਬਾਅਦ ਹੁਣ ਉਹਨਾਂ ਦੀ ਚੋਣ 'ਤੇ ਪਾਰਟੀ ਦੀ ਰਾਸ਼ਟਰੀ ਪਰਿਸਦ ਮੋਹਰ ਲਗਾਏਗੀ ਜਿਸ ਦੀ ਬੈਠਕ 17 ਤੋਂ 19 ਫਰਵਰੀ ਨੂੰ ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਬੁਲਾਈ ਗਈ ਹੈ।

ਪੰਜਾਬ 'ਚ ਨਵੇਂ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਹੇਠਲੇ ਕੇਡਰ ਦੀ ਪੁੱਛ ਪੜਤਾਲ ਸ਼ੁਰੂ

ਚੰਡੀਗੜ੍ਹ, 9 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਭਾਜਪਾ ਦੇ ਨਵ-ਨਿਯੁਕਤ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਕੌਮੀ ਪ੍ਰਧਾਨ ਨਿਤਿਨ ਗਡਕਰੀ ਦੀਆਂ ਲੀਹਾਂ 'ਤੇ ਚੱਲਦਿਆਂ ਸੂਬੇ 'ਚ ਭਾਜਪਾ ਨੂੰ ਹੇਠਲੇ ਪੱਧਰ 'ਤੇ ਮਜ਼ਬੂਤ ਕਰਨ ਲਈ ਜਿਸ ਤਰ੍ਹਾਂ ਸੱਤਾ 'ਚ ਭਾਈਵਾਲ ਅਕਾਲੀ ਦਲ ਨੂੰ ਅੱਖਾਂ ਵਿਖਾਈਆਂ ਜਾ ਰਹੀਆਂ ਹਨ, ਉਸ ਤੋਂ ਅਕਾਲੀ ਹਲਕਿਆਂ ਵਿੱਚ ਤਾਂ ਭਾਰੀ ਬੈਚੈਨੀ ਪਾਈ ਜਾ ਰਹੀ ਹੈ, ਨਾਲ ਹੀ ਗੱਠਜੋੜ ਨੂੰ ਲੈ ਕੇ ਅਗਲੀਆਂ ਵਿਧਾਨ ਸਭਾ ਟੋਣਾਂਲਈ ਸਵਾਲ ਖੜ੍ਹੇ ਹੋ ਗਏ ਹਨ। ਦੋਹਾਂ ਪਾਰਟੀਆਂ ਨੇ ਹੇਠਲੀ ਕਤਾਰ ਦੇ ਵਰਕਰ ਇਸ ਗੱਠਜੋੜ 'ਚ ਘੁੱਟਣ ਮਹਿਸੂਸ ਕਰਨ ਲੱਗੇ ਹਨ। ਅਕਾਲੀ ਦਲ ਵੱਲੋਂ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ 40 ਅਕਾਲੀ ਆਗੂਆਂ ਦੀ ਸੌਂਪੀ ਸੂਚੀ ਨੇ ਭਾਜਪਾ ਹਲਕਿਆਂ ਵਿੱਚ ਅੱਗ 'ਤੇ ਘਿਓ ਦਾ ਕੰਮ ਕੀਤਾ ਹੈ। ਭਾਜਪਾ ਆਗੂ ਜਲੰਧਰ, ਹੁਸ਼ਿਆਰਪੁਰ, ਗੁਰਦਾਸਪੁਰ ਸਹਿਤ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਅਕਾਲੀ ਦਲ ਵੀ ਕਿਸੇ ਤਰ੍ਹਾਂ ਦੀ ਦਖਲ-ਅੰਦਾਜ਼ੀ ਬਰਦਾਸ਼ਤ ਨਹੀਂ ਦੇ ਹੱਕ ਵਿੱਚ ਨਹੀਂ ਹਨੇ ਪਿਛਲੇ ਦਿਨੀਂ ਬਿਜਲੀ ਦਰਾਂ ਘਟਾਉਣ ਦੇ ਮੁੱਦੇ 'ਤੇ ਜਿਸ ਤਰ੍ਹਾਂ ☛(ਬਾਕੀ ਸਫਾ 2 'ਤੇ)

ਬਿਜਲੀ ਕਾਮਿਆਂ ਦੀ ਹੜਤਾਲ ਸ਼ੁਰੂ

ਸਾਰੇ ਕੈਸ਼ ਕਾਊਂਟਰ ਬੰਦ ਰਹਿਣਗੇ

ਜਲੰਧਰ, 9 ਫਰਵਰੀ (ਸਰਬਜੀਤ ਵਾਲੀਆ)-ਪੰਜਾਬ ਰਾਜ ਬਿਜਲੀ ਬੋਰਡ ਦੇ ਹਜ਼ਾਰਾਂ ਕਾਮੇ 10 ਫਰਵਰੀ ਨੂੰ ਮੰਗਲਵਾਰ ਅਤੇ ਬੁੱਧਵਾਰ ਦੀ ਦਰਮਿਆਨੀ ਰਾਤ ਤੋਂ ਸਾਂਝੇ ਫੋਰਮ ਦੇ ਸੱਦੇ 'ਤੇ ਹੜਤਾਲ 'ਤੇ ਚਲੇ ਗਏ ਹਨ। ਬੀਤੇ ਦਿਨ ਪੰਜਾਬ ਰਾਜ ਬਿਜਲੀ ਬੋਰਡ ਦੇ ਪ੍ਰਬੰਧਕਾਂ ਤੇ ਬਿਜਲੀ ਮੁਲਾਜ਼ਮਾਂ ਦਰਮਿਆਨ ਹੋਈ ਗੱਲਬਾਤ ਬੇਸਿੱਟਾ ਰਹੀ ਤੇ ਟੁੱਟ ਗਈ ਸੀ, ਜਿਸ ਕਾਰਨ ਹਜ਼ਾਰਾਂ ਕਾਮੇ 10 ਫਰਵਰੀ ਨੂੰ ਬਿਜਲੀ ਬੋਰਡ ਦੇ ਨਿੱਜੀਕਰਨ ਦੇ ਵਿਰੋਧ ਤੇ ਹੋਰਨਾਂ ਮੰਗਾਂ ਲੈ ਕੇ ਹੜਤਾਲ ਕਰਨਗੇ। ਅੱਜ ਬਿਜਲੀ ਬੋਰਡ ਵਿੱਚ ਮੈਂਬਰ ਕੇ.ਡੀ. ਚੌਧਰੀ ਤੇ ਸਕੱਤਰ ਸ੍ਰੀ ਹੁਸਨ ਲਾਲ ਨਾਲ ਬਿਜਲੀ ਬੋਰਡ ਦੇ ਸਾਂਝੇ ਫੋਰਮ ਦੇ ਆਗੂਆਂ ☛(ਬਾਕੀ ਸਫਾ 2 'ਤੇ)

ਮਹਾਕੁੰਭ ਦਾ ਪਹਿਲਾ ਸ਼ਾਹੀ ਇਸ਼ਨਾਨ 12 ਨੂੰ

ਹਰਿਦੁਆਰ, 9 ਫਰਵਰੀ (ਵਿਸ਼ਵ ਵਾਰਤਾ)-ਕੁੰਭ ਮੇਲੇ ਦਾ ਪਹਿਲਾ ਸ਼ਾਹੀ ਇਸ਼ਨਾਨ 12 ਫਰਵਰੀ ਨੂੰ ਹੋਵੇਗਾ ਜਿਸ ਦੇ ਲਈ ਜ਼ੋਰ-ਸ਼ੋਰ ਨਾਲ ਪ੍ਰਸ਼ਾਸਨਿਕ ਪੱਧਰ 'ਤੇ ਅਤੇ ਅਖਾੜਿਆਂ ਦੇ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਮਹਾ ਸ਼ਿਵਰਾਤਰੀ ਦੇ ਤਿਉਹਾਰ 'ਤੇ ਇਸ ਦਿਨ ਕੁੰਭ ਖੇਤਰ ਵਿੱਚ ਸੱਤਾਂ ਸੰਨਿਆਸੀ ਅਖਾੜੇ ਇਸ਼ਨਾਨ ਕਰਨਗੇ। ਸਭ ਤੋਂ ਪਹਿਲਾਂ ਤੇ ਜ਼ਿਆਦਾ ਨਾਗਾ ਸੰਨਿਆਸੀਆਂ ਵਾਲਾ ਅਖਾੜਾ ਜੂਨਾ ਅਖਾੜਾ ਸਵੇਰੇ 11 ਵਜੇ ਹਰ ਕੀ ਪੌੜੀ 'ਤੇ ਇਸ਼ਨਾਨ ਕਰੇਗਾ। ਜੂਨਾ ਅਖਾੜਾ ਦੇ ਨਾਲ ਹੀ ਆਵਾਹਨ ਅਤੇ ਅਗਨੀ ਅਖਾੜੇ ਵੀ ਸ਼ਾਹੀ ਇਸ਼ਨਾਨ ਕਰਨੇ। ਤਿੰਨਾਂ ਆਖਾੜਿਆਂ ਤੋਂ ਅਤੇ ਮਹਾਨਿਰਵਾਹ ਅਖਾੜਾ ਇਸ਼ਨਾਨ ਕਰਨਗੇ ਅਤੇ ਉਹਨਾਂ ਤੋਂ ਬਾਅਦ ਨਿਰੰਜਨੀ ਅਤੇ ਆਨੰਦ ਅਖਾੜਾ ਇਸ਼ਨਾਨ ਕਰੇਗਾ। ਦੋਵੇਂ ਉਦਾਸੀਨ ਅਖਾੜਿਆਂ- ਵੱਡਾ ਉਦਾਸੀਨ ਅਤੇ ਨਵਾਂ ਉਦਾਸੀਨ, ਤਿੰਨਾਂ ਬੈਰਾਗੀ ਅਖਾੜੇ ਅਤੇ ਇੱਕ ਨਿਰਮਲ ਅਖਾੜੇ ਦੀ ਹਾਲੇ ਫਿਲਹਾਲ ਪੇਸ਼ਵਾਈ ਨਹੀਂ ਹੋਈ ਹੈ ਇਸ ਕਾਰਨ ਬਾਕੀ 6 ਅਖਾੜੇ ਹਾਲੇ ਸ਼ਾਹੀ ਇਨਸ਼ਾਨ ਨਹੀਂ ਕਰ ਸਕਣਗੇ। ਸ਼ਾਮ 5 ਵਜੇ ਤੋਂ ਬਾਅਦ ਜਾਂ ਸਵੇਰੇ 10 ਵਜੇ ਤੋਂ ਆਮ ਜਨਤਾ ਇਸ਼ਨਾਨ ਕਰ ਸਕੇਗੀ।

ਪੁਡੂਚੇਰੀ ਦੇ ਉਪ ਰਾਜਪਾਲ ਡਾ. ਇਕਬਾਲ ਸਿੰਘ ਵੱਲੋਂ ਧੀਰ ਦੇ ਅਕਾਲ ਚਲਾਣੇ 'ਤੇ ਅਫਸੋਸ ਪ੍ਰਗਟ

ਜਲੰਧਰ, 9 ਫਰਵਰੀ (ਮਲਕੀਤ ਸਿੰਘ ਬਰਾੜ)-ਪੁਡੂਚੈਰੀ ਦੇ ਉਪ ਰਾਜਪਾਲ ਡਾ. ਇਕਬਾਲ ਸਿੰਘ ਨੇ ਪੰਜਾਬੀ ਸਾਹਿਤ ਜਗਤ ਦੇ ਪਿਤਾ ਮਾ ਸ੍ਰੀ ਸੰਤੋਖ ਸਿੰਘ ਧੀਰ ਦੇ ਅਕਾਲ ਚਲਾਣੇ 'ਤੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਧੀਰ ਦਾ ਪੂਰਾ ਜੀਵਨ ਪੰਜਾਬੀ ਸਾਹਿਤ ਦੀ ਸੇਵਾ ਨੂੰ ਸਮਰਪਿਤ ਸੀ। ਆਪਣੇ ਸੁਨੇਹੇ ਵਿੱਚ ਉਪ ਰਾਜਪਾਲ ਨੇ ਇਸ ☛(ਬਾਕੀ ਸਫਾ 2 'ਤੇ)



ਨਾਗਪੁਰ 'ਚ ਕਟੀ ਟੀਮ ਇੰਡੀਆ ਦੀ 'ਨੱਕ'

ਜਲੰਧਰ, 9 ਜਨਵਰੀ (ਕਮਲਜੀਤ ਥਾਬਲਕੇ)-ਦੱਖਣੀ ਅਫਰੀਕਾ ਨੇ ਭਾਰਤ ਦਾ ਨੰਬਰ ਇਕ ਦਾ ਤਾਜ ਖੁਹੰਦਿਆਂ ਪਹਿਲਾ ਟੈਸਟ ਮੈਚ ਅੱਜ ਚੌਥੇ ਦਿਨ ਇਕ ਪਾਰੀ ਅਤੇ 6 ਦੌੜਾਂ ਨਾਲ ਜਿੱਤ ਲਿਆ। ਭਾਰਤ ਪਹਿਲੀ ਪਾਰੀ ਵਿਚ ਦੱਖਣੀ ਅਫਰੀਕਾ ਤੋਂ 325 ਦੌੜਾਂ ਤੋਂ ਪਿਛੜਣ ਤੋਂ ਬਾਅਦ ਫਾਲੋਆਨ ਖੇਡਣ ਲਈ ਮਜ਼ਬੂਰ ਹੋਇਆ ਸੀ, ਪਰ ਦੂਸਰੀ ਪਾਰੀ ਵਿਚ ਭਾਰਤੀ ਟੀਮ ਕੇਵਲ 319 ਦੌੜਾਂ 'ਤੇ ਹੀ ਆਲ ਆਊਟ ਹੋ ਗਈ। ਇਸ ਤਰ੍ਹਾਂ ਦੱਖਣੀ ਅਫਰੀਕਾ ਦੀ ਟੀਮ ਦੋ ਮੈਚਾਂ ਦੀ ਸੀਰੀਜ਼ ਵਿਚ 1-0 ਨਾਲ ਅੱਗੇ ਹੋ ਗਈ ਹੈ। ਦੋਹਰਾ ਸੈਂਕੜਾ ਬਣਾਉਣ ਵਾਲੇ ਹਾਸ਼ਿਮ ☛(ਬਾਕੀ ਸਫਾ 2 'ਤੇ)

ਵਿਕਾਸ ਸਕੀਮਾਂ ਉਪਰ ਖਰਚ ਹੁੰਦੇ ਫੰਡਾਂ ਦੀ ਢੁੱਕਵੀਂ ਨਿਗਰਾਨੀ ਕੀਤੀ ਜਾਵੇ-ਅੰਬਿਕਾ ਸੋਨੀ

ਰੂਪਨਗਰ, 9 ਫਰਵਰੀ (ਵਿਸ਼ਵ ਵਾਰਤਾ/ਅਮਰਜੀਤ ਸਿੰਘ)-ਅੱਜ ਇਥੇ ਹੋਈ ਜ਼ਿਲ੍ਹਾ ਚੌਕਸੀ ਅਤੇ ਨਿਗਰਾਨ ਕਮੇਟੀ ਦੀ ਮੀਟਿੰਗ ਦੌਰਾਨ ਕਮੇਟੀ ਦੀ ਚੇਅਰਪਰਸਨ ਸ਼੍ਰੀਮਤੀ ਅੰਬਿਕਾ ਸੋਨੀ, ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਜ਼ਿਲ੍ਹੇ ਵਿੱਚ ਚੱਲ ਰਹੀਆਂ ਵੱਖ-ਵੱਖ ਵਿਕਾਸ ਸਕੀਮਾਂ ਉਪਰ ਖਰਚ ਹੁੰਦੇ ਫੰਡਾਂ ਦੀ ਢੁੱਕਵੀਂ ਨਿਗਰਾਨੀ ਕੀਤੀ ਜਾਵੇ ਤਾਂ ਜੋ ਇਲਾਕੇ ਦਾ ਢੁੱਕਵਾਂ ਵਿਕਾਸ ਹੋ ਸਕੇ ਅਤੇ ਫੰਡਾਂ ਦੀ ਸਹੀ ਵਰਤੋਂ ਹੋ ਸਕੇ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵੱਖ-ਵੱਖ ਸਕੀਮਾਂ ਸਵਰਨ ਜੈਅੰਤੀ ਗਰਾਮ ਸਵੈ ਰੋਜ਼ਗਾਰ ਯੋਜਨਾ, ਡੀ.ਆਰ.ਡੀ.ਏ. ਪ੍ਰਸ਼ਾਸਨ, ਕੌਮੀ ਪੇਂਡੂ ਰੋਜ਼ਗਾਰ ਗਾਰੰਟੀ ਸਕੀਮ, ਇੰਦਰਾ ਆਵਾਸ ਯੋਜਨਾ, ਪੇਂਡੂ ਪਾਣੀ ਦੀ ਸਪਲਾਈ, ਪ੍ਰਧਾਨ ਮੰਤਰੀ ਸੜਕ ਯੋਜਨਾ, ਮਾਲ ਰਿਕਾਰਡ ਦਾ ਕੰਪੀਊਟਰੀਕਰਨ, ਮਿੱਡ ਡੇ ਮੀਲ, ਸਰਵ ਸਿੱਖਿਆ ਅਭਿਆਨ, ਐਮ.ਪੀ.ਲੈਡ ਸਕੀਮਾਂ, ਰਾਸ਼ਟਰੀ ਪਰਿਵਾਰਿਕ ਯੋਜਨਾ, ਅਨਤੋਦਿਆ ਅੰਨ ਯੋਜਨਾ ਸਕੀਮ, ਜਣਨੀ ਸੁਰੱਖਿਆ ਯੋਜਨਾ ਅਤੇ ਭਲਾਈ ਸਕੀਮਾਂ ਨਾਲ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੰਤਰੀ ਨੇ ਕਿਹਾ ਕਿ ਉਹ ਵਿਕਾਸ ਕੰਮਾਂ ਦਾ ਮੌਕੇ ਤੇ ਜਾ ਕੇ ਨਿਰੀਖਣ ਕਰਨ ਅਤੇ ਫੰਡਾਂ ਦੀ ਵਰਤੋਂ ਵਿੱਚ ਪਾਰਦਰਸ਼ਤਾ ਵਰਤਣ। ਉਨ੍ਹਾਂ ਕਿਹਾ ਕਿ ਕੇਂਦਰੀ ਸਕੀਮਾਂ ਤਹਿਤ ਇਲਾਕੇ ਵਿੱਚ ਢੁੱਕਵਾਂ ਵਿਕਾਸ ਕਰਦੇ ਹੋਏ ਰੂਪਨਗਰ ਜ਼ਿਲ੍ਹੇ ਨੂੰ ਦੇਦਾ ਪਾਇਲਟ ਜ਼ਿਲ੍ਹਾ ਬਣਾਇਆ ਜਾਵੇਗਾ ਤਾਂ ਜੋ ਬਾਕੀ ਜ਼ਿਲ੍ਹੇ ਵੀ ਰੂਪਨਗਰ ਜ਼ਿਲ੍ਹੇ ਤੋਂ ਸੇਧ ਲੈ ਸਕਣ। ਕੇਂਦਰੀ ਮੰਤਰੀ ਨੇ ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਪ੍ਰਿਯਾਂਕ ਭਾਰਤੀ ਵਲੋਂ ਜ਼ਿਲ੍ਹੇ ਵਿੱਚ ਚੱਲ ਰਹੀਆਂ ਵੱਖ-ਵੱਖ ਵਿਕਾਸ ਸਕੀਮਾਂ ਦੀ ਆਨਲਾਈਨ ਨਿਗਰਾਨੀ ਕਰਨ ਲਈ ਲਾਗੂ ਕੀਤੀ ਜ਼ਿਲ੍ਹਾ ਸਕੀਮ ਮੋਨੀਟਰਿੰਗ ਸਿਸਟਮ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਜ਼ਿਲ੍ਹਾ ਕੰਪੀਊਟਰੀਕ੍ਰਿਤ ਪ੍ਰੋਗਰਾਮ ਸਮੁੱਚੇ ਦੇਸ਼ ਵਿੱਚ ਲਾਗੂ ਹੋਣਾ ਚਾਹੀਦਾ ਹੈ ਜਿਸ ਨਾਲ ☛(ਬਾਕੀ ਸਫਾ 2 'ਤੇ)

ਪੰਜਾਬ ਸਰਕਾਰ ਨੇ ਖੁਸਰਿਆਂ ਸਬੰਧੀ ਜਾਣਕਾਰੀ ਮੰਗੀ

ਚੰਡੀਗੜ੍ਹ, 9 ਫਰਵਰੀ (ਹਰੀਸ਼ ਬਾਗਾਂਵਾਲਾ)-ਪੰਜਾਬ ਸਰਕਾਰ ਨੇ ਇੱਕ ਰਿੱਟ ਪਟੀਸ਼ਨ ਦੇ ਆਧਾਰ ਤੇ ਸਮੂਹ ਵਿੱਤੀ ਕਮਿਸ਼ਨਰਾਂ ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੇ ਪੱਤਰ ਲਿਖ ਕੇ ਸਰਕਾਰੀ ਨੌਕਰੀ ਵਿੱਚ ਕੰਮ ਕਰ ਰਹੇ ਖੁਸਰਿਆਂ ਦੀ ਜਾਣਕਾਰੀ ਮੰਗੀ ਹੈ। ਸਰਕਾਰ ਵੱਲੋਂ ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕਾਜਲ ਮੰਗਲ ਮੁੱਖੀ (ਖੁਸਰਾ) ਨੇ ਰਿੱਟ ਪਟੀਸ਼ਨ ਦਾਇਰ ਕੀਤੀ ਹੈ ਕਿ ਅਪੰਗ ਵਿਅਕਤੀਆਂ ਦੀ ਤਰ੍ਹਾਂ ਖੁਸਰਿਆਂ ਨੂੰ ਵੀ ਸਰਕਾਰੀ ਨੌਕਰੀ ਵਿੱਚ ਕੋਟਾ ਨਿਰਧਾਰਤ ਕੀਤਾ ਜਾਵੇ। ਆਮ ਰਾਜ ਪ੍ਰਬੰਧ ਵਿਭਾਗ ਦੇ ਉਪ-ਸਕੱਤਰ ਵੱਲੋਂ ਵਿਭਾਗਾਂ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਜੇਕਰ ਵਿਭਾਗਾਂ, ਕਾਰਪੋਰੇਸ਼ਨਾਂ, ਬੋਰਡਾਂ ਵਿੱਚ ਖੁਸਰਿਆਂ ਨੂੰ ਨੌਕਰੀ ਦਿੱਤੀ ਗਈ ਹੈ। ਇਸ ਸਬੰਧੀ ਮੁਕੰਮਲ ਵੇਰਵੇ ਕੰਨਸੋਲੀਡੇਟਡ ਰੂਪ ਵਿੱਚ ਇਸ ਵਿਭਾਗ ਨੂੰ ਦੋ ਦਿਨਾਂ ਅੰਦਰ ਫੈਕਸ ਰਾਹੀਂ ਤੁਰੰਤ ਭੇਜੇ ਜਾਣ। ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਨਵੇਂ ਐਨ. ਆਰ. ਆਈ. ਸਭਾ ਪ੍ਰਧਾਨ ਧਾਲੀਵਾਲ ਵੱਲੋਂ ਜੱਦੀ ਸ਼ਹਿਰ ਬਟਾਲਾ ਦਾ ਦੌਰਾ

ਗੁਰਦਾਸਪੁਰ 9 ਫਰਵਰੀ (ਅਵਤਾਰ ਸਿੰਘ ਬੋਪਰਾਏ) -ਪੰਜਾਬ ਸਰਕਾਰ ਵਲੋਂ ਸ੍ਰ. ਜਸਵਿੰਦਰ ਸਿੰਘ ਧਾਲੀਵਾਲ ਨੂੰ ਐਨ.ਆਰ.ਆਈ. ਸਭਾ ਪੰਜਾਬ ਦਾ ਸਰਪ੍ਰਸਤ ਨਿਯੁਕਤ ਕਰਨ ਉਪਰੰਤ ਪਹਿਲੀਵਾਰ ਸ੍ਰੀ ਹਰਮਿੰਦਰ ਸਾਹਿਬ ਅੰਮ੍ਰਿਤਸਰ ਵਿਖੇ ਨਤਮਸਤਕ ਹੋ ਗੁਰੂ ਦਾ ਸ਼ੁਕਰਾਨਾ ਕਰਨ ਉਪਰੰਤ ਆਪਣੇ ਜੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਸ਼ਹਿਰ ਬਟਾਲਾ ਦੀ ਹਦੂਦ ਅੰਦਰ ਜਥੇਦਾਰ ਸੇਵਾ ਸਿੰਘ ਸੇਖਵਾਂ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਪੰਜਾਬ ਅਤੇ ਜਥੇਦਾਰ ਸੁੱਚਾ ਸਿੰਘ ਲੰਗਾਹ ਖੇਤੀਬਾੜੀ ਮੰਤਰੀ ਪੰਜਾਬ ਦੀ ਰਹਿਨੁਮਾਈ ਹੇਠ ਅੰਮ੍ਰਿਤਸਰ ਬਾਈਪਾਸ ਪਹੁੰਚਣ ਤੇ ਬਟਾਲਾ ਨਿਵਾਸੀਆਂ, ਅਕਾਲੀ ਭਾਜਪਾ ਵਰਕਰਾਂ, ਪੰਚਾ-ਸਰਪੰਚਾ ਅਤੇ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਵਲੋਂ ਜੋਸ਼ ਭਰਪੂਰ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਬਟਾਲਾ ਸਥਿਤ ਵਾਹਲਾ ਡੇਅਰੀ ਉੱਪਰ ਸ਼ੂਗਰਫੈਡ ਪੰਜਾਬ ਦੇ ਚੇਅਰਮੈਨ ਸ੍ਰ. ਸੁਖਬੀਰ ਸਿੰਘ ਵਾਹਲਾ ਦੀ ਰਹਿਨੁਮਾਈ ☛(ਬਾਕੀ ਸਫਾ 2 'ਤੇ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ ਮਨਾਇਆ ਭਗਤ ਸ੍ਰੀ ਰਵੀਦਾਸ ਦਾ ਜਨਮ ਦਿਹਾੜਾ

ਫਗਵਾੜਾ, 9 ਫਰਵਰੀ (ਕਮਲ ਰਾਏ)-ਭਗਤ ਸ੍ਰੀ ਰਵਿਦਾਸ ਜੀ ਮਹਾਰਾਜ ਦਾ 633ਵਾਂ ਪ੍ਰਕਾਸ਼ ਦਿਹਾੜਾ ਮੁਹੱਲਾ ਪ੍ਰੇਮਪੁਰਾ ਦੀ ਨੌਜਵਾਨ ਸਭਾ ਤੇ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਪ੍ਰਸਿੱਧ ਕੀਰਤਨੀਏ ਜੱਥੇ ਭਾਈ ਮਨਜੀਤ, ਬੀਬੀ ਦਰਸ਼ਨ ਕੌਰ ਅਤੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਮੁਹੱਲਾ ਪ੍ਰੇਮਪੁਰਾ ਦੇ ਹੈੱਡ ਗ੍ਰੰਥੀ ਭਾਈ ਅਮਰਜੀਤ ਸਿੰਘ ਰੱਤੂ ਨੇ ਆਈ ਸੰਗਤ ਨੂੰ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੌਰਾਨ ਵਿਸ਼ੇਸ਼ ਤੌਰ ਤੇ ਪਹੁੰਚੇ ਅੰਬੇਡਕਰ ਸੈਨਾ ਪੰਜਾਬ ਦੇ ਪ੍ਰਧਾਨ ਸੁਰਿੰਦਰ ਢੰਡਾ, ਸਮਾਜ ਸੇਵਕ ਸ੍ਰੀ ਰਾਜਿੰਦਰ ਘੇੜਾ, ਸਵਰਨਾ ਰਾਮ ਝੁਮੇਲੀ, ਰੰਧਾਵਾ ਫੈਮਲੀ ਯੂ.ਕੇ. ਨੇ ਸੰਬੋਧਨ ਕੀਤਾ। ਇਸ ਮੌਕੇ 'ਤੇ ਛੋਟੇ ਬੱਚੇ ਨਵਨੀਤ ☛(ਬਾਕੀ ਸਫਾ 2 'ਤੇ)

ਬਾਬਾ ਭੰਗਾ ਸਿੰਘ ਯਾਦਗਾਰੀ ਕਬੱਡੀ ਟੂਰਨਾਮੈਂਟ ਘੜੈਲੀ 'ਚ ਸ਼ੁਰੂ

ਪਹਿਲੇ ਦਿਨ ਭੁਲੇਰੀਆ ਨੇ ਕੀਤੀ ਪ੍ਰਧਾਨਗੀ | ਅੱਜ ਹਲਕਾ ਵਿਧਾਇਕ ਕਰਨਗੇ ਇਨਾਮਾਂ ਦੀ ਵੰਡ

ਤਪਾ ਮੰਡੀ, 9 ਫਰਵਰੀ (ਯਾਦੂ ਭੁੱਲਰ)-ਤਪਾ ਮੰਡੀ ਤੋਂ ਨੇੜੇ ਪੈਂਦੇ ਮਸ਼ਹੂਰ ਪਿੰਡ ਘੜੈਲੀ ਵਿਖੇ ਬਾਬਾ ਭੰਗਾ ਸਿੰਘ ਦੀ ਯਾਦ ਨੂੰ ਸਮਰਪਿਤ ਦੋ ਰੋਜ਼ਾ ਸ਼ਾਨਦਾਰ ਕਬੱਡੀ ਟੂਰਨਾਮੈਂਟ ਗਰਾਮ ਪੰਚਾਇਤ, ਬਾਬਾ ਭੰਗਾ ਸਿੰਘ ਯੂਥ ਕਲੱਬ, ਨਹਿਰੂ ਯੁਵਾ ਕੇਂਦਰ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਕੂਲ ਦੇ ਗਰਾਊਂਡ ਵਿੱਚ ਕਰਵਾਇਆ ਗਿਆ। ਪਿੰਡ ਦੇ ਨੌਜਵਾਨਾਂ ਦੇ ਬਣੇ ਕਲੱਬ ਬਾਬਾ ਭੰਗਾ ਸਿੰਘ ਯੂਥ ਕਲੱਬ ਵੱਲੋਂ ਕਰਵਾਏ ਟੂਰਨਾਮੈਂਟ ਦੇ ਪਹਿਲੇ ਦਿਨ ਜਿੱਥੇ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ੍ਰ. ਨਰਿੰਦਰ ਸਿੰਘ ਭੁਲੇਰੀਆ ਨੇ ਆਪਣੀ ਹਾਜ਼ਰੀ ਲਗਵਾਈ ਅਤੇ ਕਲੱਬ ਨੂੰ 3100 ਰੁਪਏ ਦੀ ਆਰਥਿਕ ਸਹਾਇਤਾ ਦਿੱਤੀ। ਇਸ ਮੌਕੇ ਕਲੱਬ ਦੇ ਮੈਂਬਰਾਂ ਨੇ ਨਰਿੰਦਰ ਸਿੰਘ ਭੁਲੇਰੀਏ ਨੂੰ ਜੀ ਆਇਆਂ ਆਖਿਆ ਅਤੇ ਅੱਜ ਦੇ ਸਮਾਗਮ ਦੀ ਪ੍ਰਧਾਨਗੀ ਵੀ ਨਰਿੰਦਰ ਸਿੰਘ ਭੁਲੇਰੀਏ ਨੇ ਹੀ ਕੀਤੀ। ਉਨ੍ਹਾਂ ਇਸ ਮੌਕੇ ਕਿਹਾ ਕਿ ਨਸ਼ਿਆਂ ਵਰਗੀਆਂ ਬੁਰੀਆਂ ਬਿਮਾਰੀਆਂ ਤੋਂ ਦੂਰ ਰਹਿਣ ਲਈ ਖੇਡਾਂ ਕਰਵਾਉਣੀਆਂ ਬੜੀ ਚੰਗੀ ਗੱਲ ਹੈ। ਉਨ੍ਹਾਂ ਆਖਿਆ ਕਿ ਜਿੱਥੇ ਅਜਿਹੇ ਟੂਰਨਾਮੈਂਟ ਨੌਜਵਾਨਾਂ ਨੂੰ ਆਪਣੀ ਵਧੀਆ ਸਿਹਤ ਬਰਕਾਰ ਰੱਖਣ ਲਈ ਉਤਸ਼ਾਹਿਤ ਕਰਦੇ ਹਨ ਉਥੇ ਨਾਲ ਹੀ ਇਹ ਆਪਣੇ ਵਿਰਸੇ ਅਤੇ ਸਮਾਜਿਕ ਭਾਈਚਾਰੇ ਦੀਆਂ ਤੰਦਾਂ ਨੂੰ ਵਧੇਰੇ ਮਜ਼ਬੂਤ ਕਰਨ ਲਈ ਵੀ ਸਹਾਈ ਹੁੰਦੇ ਹਨ। ਇਸ ਮੌਕੇ ਪੁੱਜੀਆਂ 45 ਕਿੱਲੋ ਵਰਗ ਕਬੱਡੀ ਦੀਆਂ ਟੀਮਾਂ ਵਿੱਚੋਂ ਪਿੰਡ ਖੋਖਰ ਨੇ ਪਹਿਲਾ ਸਥਾਨ ਹਾਸਲ ਕੀਤਾ ਤੇ ਦੂਸਰਾ ਸਥਾਨ ਪਿੰਡ ਘੜੈਲੀ ਦੀ ਕਬੱਡੀ ਦੀ ਟੀਮ ਨੇ ਜਿੱਤਿਆ। ਇਸ ਟੂਰਨਾਮੈਂਟ ਵਿੱਚ ਭਾਰੀ ਭੀੜ ਜੁੜੀ ਹੋਈ ਸੀ. ਕਲੱਬ ਵੱਲੋਂ ☛(ਬਾਕੀ ਸਫਾ 2 'ਤੇ)

ਗੁਰੂ ਨਿੰਦਕ ਰਾਗੀ ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕਣ ਦਾ ਜਰਮਨ ਦੀਆਂ ਗੁਰਦੁਆਰਾ ਕਮੇਟੀਆਂ ਵੱਲੋਂ ਸਵਾਗਤ

ਹਨੋਵਰ (ਜਰਮਨੀ), 9 ਫ਼ਰਵਰੀ (ਅ.ਬ.) ਮਿਤੀ 6 ਫਰਵਰੀ ਨੂੰ ਗੁਰਦੁਆਰਾ ਸ੍ਰੀ ਨਾਨਕ ਦਰਬਾਰ ਸਾਹਿਬ ਵਿਖੇ ਜਰਮਨ ਦੇ ਵੱਖ ਵੱਖ ਗੁਰੂ ਘਰ ਦੀਆਂ ਪ੍ਰਬੰਧਕ ਕਮੇਟੀ ਵਲੋਂ ਨਾਨਕ ਸ਼ਾਹੀ ਕੈਲੰਡਰ ਵਿਚ ਸੋਧਾਂ ਅਤੇ ਰਾਗੀ ਦਰਸਨ ਸਿੰਘ ਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ ਭੱਦੀ ਸ਼ਬਦਾਵਲੀ ਬੋਲਣ ਕਾਰਨ ਪੰਥ ਵਿਚੋਂ ਛੇਕਣ ਦੇ ਮਸਲਿਆਂ ਨੂੰ ਲੈ ਕੇ ਮੀਟਿੰਗ ਕੀਤੀ ਗਈ ਜਿਸ ਵਿਚ ਗੁਰਦੁਆਰਾ ਸ੍ਰੀ ਨਾਨਕ ਦਰਬਾਰ ਸਹਿਬ ਹਨੋਬਰ(ਭਾਈ ਹਰੀ ਸਿੰਘ), ਗੁਰਦੁਆਰਾ ਗੁਰਦਰਸਨ ਸਾਹਿਬ ਬਰੈਮਨ (ਭਾਈ ਮਨਜੀਤ ਸਿੰਘ- ਭਾਈ ਸੁਰਿੰਦਰ ਸਿੰਘ), ਗੁਰਦੁਆਰਾ ਸਿੰਘ ਸਭਾ ਹਮਬਰਗ (ਭਾਈ ਦਲਬੀਰ ਸਿੰਘ), ਗੁਰਦੁਆਰਾ ਸਿੰਘ ਸਭਾ ਡਿਉਸਬਰਗ (ਭਾਈ ਬਲਜੋਧ ਸਿੰਘ ਕਮੇਟੀ ਮੈਂਬਰ), ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਕਲੋਨ (ਭਾਈ ਸੁਖਵਿੰਦਰ ਸਿੰਘ), ਗੁਰਦੁਆਰਾ ਗੋਬਿੰਦ ਸਾਗਰ ਬੁਰਸਬੁਰਗ (ਭਾਈ ਮਨਜੀਤ ਸਿੰਘ), ਸਿੱਖ ਜਰਮਨ ਗੇਮਾਈਨਸ਼ਾਫਟ ਦੇ ਭਾਈ ਗੁਰਕੁਲਦੀਪ ਸਿੰਘ- ਭਾਈ ਇਕਬਾਲ ਸਿੰਘ ਅਟਵਾਲ ਫਰੈਂਕਫੋਰਟ ਨੇ ਇਸ ਮੀਟਿੰਗ ਵਿੱਚ ਹਿੱਸਾ ਲਿਆ ਅਤੇ ਟੈਲੀਫੂਨ ਉਪਰ ਗੁਰਦੁਆਰਾ ਸਿੰਘ ਸਭਾ ਸਿੱਖ ਸੈਂਟਰ ਹਮਬਰਗ (ਭਾਈ ਰਣਜੀਤ ਸਿੰਘ), ਗੁਰਦੁਆਰਾ ਗੁਰੂ ਨਾਨਕ ਦੇਵ ਜੀ ਜੋਸਟ (ਭਾਈ ਤਰਸੇਮ ਸਿੰਘ ਢਿਲੋਂ), ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਰਲਿਨ (ਭਾਈ ਜਸਵੰਤ ਸਿੰਘ ਧਾਰੀਵਾਲ), ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਨਹਾਈਮ (ਭਾਈ ਭੁਪਿੰਦਰ ਸਿੰਘ- ਭਾਈ ਇਕਬਾਲ ਸਿੰਘ-ਭਾਈ ਜਸਵਿੰਦਰ ਸਿੰਘ) ਵਾਲਿਆ ਨੇ ਆਪਣੀ ਸਹਿਮਤੀ ਪ੍ਰਗਟਾਈ, ਭਾਈ ਪ੍ਰਗਟ ਸਿੰਘ ਰੁਮਾਨੀਆ ਕਾਂਡ ਵਾਲਿਆ ਨੇ ਟੈਲੀਫੂਨ ਉਪਰ ਆਪਣੇ ਵਿਚਾਰ ਪ੍ਰਗਟ ਕੀਤੇ ਤੇ ਆਪਣੀ ਸਹਿਮਤੀ ਪ੍ਰਗਟਾਈ। ਇਹਨਾਂ ਤੋ ਇਲਾਵੇ ਹਨੋਬਰ ਅਤੇ ਜਰਮਨ ਦੇ ਵੱਖ ਵੱਖ ਹਿਸਿਆਂ ਤੋਂ ਸੰਗਤਾਂ ਨੇ ਭਾਗ ਲਿਆ। ਵਰਤਮਾਨ ਸਮੇਂ ਵਿੱਚ ਪੰਥ ਨੂੰ ਦਰਪੇਸ ਮੁਸ਼ਕਲਾਂ ਬਾਰੇ ਲੰਬੀ ਵਿਚਾਰ ਹੋਈਆਂ ਅਤੇ ਰਾਗੀ ਵਲੋਂ ਗੁਰੂ ਸਾਹਿਬ ਦੇ ਬਾਰੇ ਭੱਦੀ ਵਰਤੀ ਸ਼ਬਦਾਵਲੀ ਦੀ ਫਿਲਮ ਵੀ ਕਮੇਟੀ ਮੈਂਬਰਾਂ ਤੇ ਸੰਗਤਾਂ ਨੂੰ ਦਿਖਾਈ ਗਈ ਜਿਸ ਵਿਚ ਰਾਗੀ ਆਪਣੀ ਜ਼ਬਾਨੀ ਕਹਿਦਾ ਹੈ ਕਿ ਮੈਂ ਜੋ ਵੀ ਕਿਹ ਰਿਹਾ ਹਾਂ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਦਸਮ ਗ੍ਰੰਥ ਵਿਚੋਂ ਹੈ। ਹੁਣ ਕਹਿੰਦਾ ਹੈ ਕਿ ਅੰਮ੍ਰਿਤ ਸੰਚਾਰ ਦੀਆ ਬਾਣੀਆਂ ਵੀ ਗੁਰੂ ਸਾਹਿਬ ਦੇ ਸਮੇਂ ਨਹੀ ਸਨ ਤਾਂ ਕੀ ਰਾਗੀ ਦਸ ਸਕਦਾ ਹੈ ਕੇ ਗੁਰੂ ਸਾਹਿਬ ਜੀ ਨੇ 1699 ਵਿਚ ਅੰਮ੍ਰਿਤ ਸੰਚਾਰ ਵੇਲੇ ਕਿਹੜੀਆਂ ਬਾਣੀਆਂ ਦਾ ਪਾਠ ਕੀਤਾ ਜਦ ਕਿ ਪਰਾਤਨ ਸਮੇਂ ਤੋ ਚਲ ਰਹੀਆਂ ਟਕਸਾਲਾਂ ਅਤੇ ਵਿਦਵਾਨ ਮੰਨਦੇ ਹਨ ਕਿ ਮੌਜੂਦਾ ਪੰਜ ਬਾਣੀਆਂ ਦਾ ਹੀ ਪਾਠ 1699 ਦੀ ਵੀਸਾਖੀ ਨੂੰ ਕੀਤਾ ਗਿਆ ਸੀ। ਸਰਬ ਸੰਮਤੀ ਨਾਲ ਹੇਠ ਲਿਖੇ ਮੁੱਦਿਆਂ ਤੇ ਫੈਸਲੇ ਲਏ ਗਏ। ਹਰ ਪਹਿਲੂ ਤੋਂ ਸਿੱਖ ਧਰਮ ਦੀ ਆਪਣੀ ਵਿੱਲਖਣਤਾਂ ਆਪਣੇ ਗੌਰਵਮਈ ਇਤਿਹਾਸ ਨਾਲ ਹੈ। ਇਸੇ ਵਿੱਲਖਣਤਾਂ ਅਤੇ ☛(ਬਾਕੀ ਸਫਾ 2 'ਤੇ)

ਸਵ. ਬਾਬਾ ਭੰਗਾ ਸਿੰਘ ਜੀ ਦੀ ਯਾਦ ਨੂੰ ਸਮਰਪਿਤ

ਪਹਿਲੇ ਸ਼ਾਨਦਾਰ ਕਬੱਡੀ ਟੂਰਨਾਮੈਂਟ ਕੱਪ ਦੇ ਆਖਰੀ ਦਿਨ ਮੁੱਖ ਮਹਿਮਾਨ ਵਜੋਂ ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਕਰਨ ਲਈ ਪੁੱਜ ਰਹੇ ਸੰਸਦੀ ਸਕੱਤਰ ਅਤੇ ਹਲਕੇ ਦੇ ਵਿਧਾਇਕ **ਸ.ਜਗਦੀਪ ਸਿੰਘ ਨਕੱਈ** ਨੂੰ ਜੀ ਆਇਆਂ ਆਖਦੇ ਹਾਂ

ਸ. ਜਗਦੀਪ ਸਿੰਘ ਨਕੱਈ
ਸੰਸਦੀ ਸਕੱਤਰ

ਸ. ਹਰਨੈਬ ਸਿੰਘ ਸਰਪੰਚ | ਸ. ਪਰਮਜੀਤ ਸਿੰਘ | ਸ. ਗੁਰਜੰਟ ਸਿੰਘ | ਜਸਵੰਤ ਸਿੰਘ ਪੰਚ | ਜਰਨੈਲ ਸਿੰਘ ਪੰਚ | ਸ. ਜਸਵਿੰਦਰ ਸਿੰਘ ਸਿੱਧੂ ਕਲੱਬ ਪ੍ਰਧਾਨ

ਨੋਟ : ਟੂਰਨਾਮੈਂਟ ਵਿੱਚ ਜੇਤੂ ਟੀਮ ਨੂੰ ਇਨਾਮ ਵਜੋਂ ਦਿੱਤੀ ਜਾ ਰਹੀ ਰਾਸ਼ੀ 31000 ਰੁਪਏ ਗ੍ਰਾਮ ਪੰਚਾਇਤ ਦੇ ਕੇ ਆਪਣਾ ਮਾਣ ਵਧਾਏਗੀ

ਵੱਲੋਂ : ਗ੍ਰਾਮ ਪੰਚਾਇਤ ਤੇ ਸਮੂਹ ਨਗਰ ਨਿਵਾਸੀ ਘੜੈਲੀ। ਮੋ.94647-07802